ਦੇਸ਼ ਭਗਤ ਯੂਨੀਵਰਸਿਟੀ ਦੇ 14 ਵਿਦਿਆਰਥੀਆਂ ਨੂੰ ਮਿਲੀ ਨੌਕਰੀ

ਅਮਲੋਹ • ਲਖਵੀਰ ਸਿੰਘ

ਦੇਸ਼ ਭਗਤ ਯੂਨੀਵਰਸਿਟੀ ਦੇ ਕਾਰਪੋਰੇਟ ਰਿਲੇਸ਼ਨਜ਼ ਸੈੱਲ ਵੱਲੋਂ ਟੈਕ ਮਹਿੰਦਰਾ ਕੰਪਨੀ ਨਾਲ ਯੂਨੀਵਰਸਿਟੀ ਕੈਂਪਸ ਵਿੱਚ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਗਿਆ। ਇਸ ਪਲੇਸਮੈਂਟ ਡਰਾਈਵ ਵਿੱਚ ਬੀ.ਟੈਕ ਅਤੇ ਐਮ.ਸੀ.ਏ. ਦੇ 75 ਵਿਦਿਆਰਥੀਆਂ ਨੇ ਭਾਗ ਲਿਆ। ਕੰਪਨੀ ਦੇ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਇੰਟਰਵਿਊ ਕੀਤੀ ਗਈ ਅਤੇ 14 ਵਿਦਿਆਰਥੀਆਂ ਨੂੰ ਡਾਟਾ ਐਨਾਲਿਸਟ ਦੇ ਅਹੁਦੇ ਲਈ ਚੁਣਿਆ ਗਿਆ। ਉਨ੍ਹਾਂ ਦੀ ਛੇ ਮਹੀਨੇ ਦੀ ਸਿਖਲਾਈ ਗੁੜਗਾਓਂ ਵਿੱਚ ਹੋਵੇਗੀ, ਜਿਸ ਤੋਂ ਬਾਅਦ ਉਨ੍ਹਾਂ ਨੂੰ 6 ਲੱਖ ਸਾਲਾਨਾ ਤਨਖਾਹ ਦਾ ਪੈਕੇਜ ਮਿਲੇਗਾ। ਕਾਰਪੋਰੇਟ ਰਿਲੇਸ਼ਨਜ਼ ਸੈੱਲ ਦੀ ਮੈਨੇਜਰ ਪੂਜਾ ਕਥੂਰੀਆ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵਿਭਾਗ ਨਿਯਮਿਤ ਤੌਰ 'ਤੇ ਪਲੇਸਮੈਂਟ ਡਰਾਈਵ ਦਾ ਆਯੋਜਨ ਕਰਦਾ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਸੁਨਹਿਰੀ ਮੌਕੇ ਮਿਲਦੇ ਹਨ। ਹਾਲਾਂਕਿ, ਇਹਨਾਂ ਮੌਕਿਆਂ ਨੂੰ ਪੇਸ਼ਕਸ਼ ਪੱਤਰਾਂ ਵਿੱਚ ਬਦਲਣਾ ਵਿਦਿਆਰਥੀਆਂ ਦੀ ਯੋਗਤਾ 'ਤੇ ਨਿਰਭਰ ਕਰਦਾ ਹੈ। ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ: ਸੰਦੀਪ ਸਿੰਘ ਅਤੇ ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ।

ਮੁੱਖ ਮੰਤਰੀ ਵੱਲੋਂ ਸਰਬ ਸੰਮਤੀ ਨਾਲ ਪੰਚਾਇਤਾਂ ਚੁਣਨ ਵਾਲੇ ਪਿੰਡਾਂ ਲਈ ਕੀਤੇ ਵਿਸ਼ੇਸ਼ ਐਲਾਨ ਸ਼ਲਾਘਾਯੋਗ : ਜੱਸੀ ਸੋਹੀਆਂ ਵਾਲਾ

ਭਾਦਸੋਂ • ਮਨਜੋਤ ਪੰਧੇਰ ਚਹਿਲ

ਨਾਭਾ ਹਲਕੇ ਦੇ ਹੋਣਹਾਰ ਨੌਜਵਾਨ ਆਗੂ ਅਤੇ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਪੰਚਾਇਤੀ ਚੋਣਾਂ ਨੂੰ ਲੈ ਕੇ ਅੱਜ ਇਥੇ ਆਮ ਆਦਮੀ ਪਾਰਟੀ ਦੇ ਮਿਹਨਤੀ ਅਤੇ ਸੀਨੀਅਰ ਆਗੂਆਂ ਨਾਲ ਮੀਟਿੰਗ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਹੋਣ ਵਾਲੀਆਂ ਪੰਚਾਇਤੀ ਚੋਣਾਂ 'ਚ ਜ਼ਿਲ੍ਹਾ ਪਟਿਆਲਾ ਅਤੇ ਨਾਭਾ ਹਲਕੇ ਵਿੱਚ ਆਮ ? ਆਦਮੀ ਪਾਰਟੀ ਦੇ ਮਿਹਨਤੀ ਵਲੰਟੀਅਰਾਂ ਤੇ ਲੋਕ ਭਲਾਈ ਲਈ ਕੰਮ ਕਰਨ ਵਾਲੇ ਪੜ੍ਹੇ-ਲਿਖੇ, ਇਮਾਨਦਾਰ ਆਮ ਲੋਕਾਂ ਅਤੇ ਨੌਜਵਾਨ ਵਰਗ ਨੂੰ ਸਰਪੰਚ ਅਤੇ ਪੰਚਾਇਤ ਮੈਂਬਰ ਬਣਕੇ ਪਿੰਡ ਦੀ ਭਲਾਈ ਅਤੇ ਹਰ ਪੱਖ ਤੋਂ ਆਪਣੇ ਨਗਰ ਦਾ ਪੂਰਨ ਵਿਕਾਸ ਕਰਵਾਉਣ ਲਈ ਅੱਗੇ ਆਉਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਵੱਲੋਂ ਕੀਤੀ ਅਪੀਲ ਤਹਿਤ ਪਿੰਡਾਂ ਵਿੱਚ ਧੜੇਬੰਦੀ ਖ਼ਤਮ ਕਰਨ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਸਦਾ ਕਾਇਮ ਰੱਖਣ ਲਈ ਸਰਬ ਸੰਮਤੀ ਨਾਲ ਪੰਚਾਇਤ ਚੁਣਨ ਵਾਲੇ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਦੀ ਗ੍ਰਾਂਟ ਅਤੇ ਪਿੰਡਾਂ ਵਿੱਚ ਨੌਜਵਾਨਾਂ ਦੇ ਖੇਡਣ ਲਈ ਖੇਡ ਸਟੇਡੀਅਮ ਜਾਂ ਸਿਹਤ ਸੇਵਾਵਾਂ ਲਈ ਵਧੀਆ ਹਸਪਤਾਲ ਬਣਾਕੇ ਦੇਣ ਦੇ ਕੀਤੇ ਵਾਅਦੇ ਤਹਿਤ ਸਾਨੂੰ ਸਰਬ ਸੰਮਤੀ ਨਾਲ ਆਪਣੀ ਪੰਚਾਇਤ ਚੁਣ ਕੇ ਇਸਦਾ ਲਾਹਾ ਲੈਣਾ ਚਾਹੀਦਾ ਹੈ ਤਾਂ ਜੋ ਪਿੰਡਾਂ ਵਿੱਚ ਅਧੂਰੇ ਪਏ ਕੰਮਾਂ ਨੂੰ ਪੂਰਾ ਕਰਵਾਇਆ ਜਾ ਸਕੇ। ਇਸ ਮੌਕੇ ਬਲਾਕ ਪ੍ਰਧਾਨ ਸੁੱਖ ਘੁੰਮਣ ਚਾਸਵਾਲ, ਗਿਆਨ ਖਨੌੜਾ, ਸੋਮਾ ਚਾਸਵਾਲ, ਕੁਲਦੀਪ ਸਿੰਘ ਸਾਹੀਏਵਾਲ, ਵਿਜੇ ਠਾਕੁਰ ਗੋਬਿੰਦਪੁਰਾ, ਗੁਰਧਿਆਨ ਸਿੰਘ ਬਿੱਟੂ ਰਾਜਪੁਰਾ, ਪਰਮਿੰਦਰ ਸਿੰਘ ਭੰਗੂ, ਇਕਬਾਲ ਖਾਂ ਕਾਲਾ, ਜਸਪ੍ਰੀਤ ਸਿੰਘ ਰਾਇਮਲਮਾਜਰੀ, ਲਾਡੀ ਖਹਿਰਾ, ਜਸਕਰਨਵੀਰ ਸਿੰਘ ਤੇਜੇ ਆਦਿ ਵੀ ਮੌਜੂਦ ਸਨ ।

ਅਪੰਗ ਵਿਅਕਤੀ ਨੂੰ ਦਿੱਤੀ ਆਟੋ ਟਰਾਈ ਸਾਇਕਲ

ਆਦਮਪੁਰ • ਸੁਰਿੰਦਰ ਕੁਮਾਰ

ਆਦਮਪੁਰ ਨਜ਼ਦੀਕ ਪਿੰਡ ਡਮੁੰਡਾ ਕੇਵਲ ਸਿੰਘ ਉਰਫ ਮੋਰਲੀ ਪੁੱਤਰ ਲਾਈਆਂ ਜਿਸ ਦੇ ਗੋਡੇ ਤੇ ਸੱਟ ਵੱਜਣ ਦੇ ਕਾਰਨ ਇੱਕ ਲੱਤ ਤੋਂ ਅਪੰਗ ਵਿਅਕਤੀ ਹੈ ਜੋਂ ਕੀ ਟਰਾਈ ਸਾਇਕਲ ਤੋਂ ਬਿਨਾਂ ਵੱਜਾ ਹੈ ਜੋਂ ਕਿ ਪਿੰਡ ਕੰਦੋਲਾ ਤਹਿਸੀਲ ਕੰਪਲੈਕਸ ਆਦਮਪੁਰ ਜ਼ਿਲਾ ਜਲੰਧਰ ਵਿਖੇ ਰਹਿੰਦਾ ਹੈ ਪਿੰਡ ਕੰਦੋਲਾ ਵਾਸੀ ਉਸ ਦੀ ਦੇਖ ਰੇਖ ਕਰਦੇ ਹਨ।

ਤੇਲ ਟੈਂਕਰ ਢੱਕਣਾਂ ਦੀ ਹੋਈ ਚੋਰੀ

ਜਮਸ਼ੇਰ ਖਾਸ • ਜਸਬੀਰ ਸਿੰਘ ਸੰਧੂ

ਜਲੰਧਰ ਜੰਡਿਆਲਾ ਤੋਂ ਜਮਸ਼ੇਰ ਦੀਵਾਲੀ ਦੇ ਵਿਚਕਾਰ ਪੈਂਦੇ ਪੈਟਰੋਲ ਪੰਪ ਨੂੰ ਵੀ ਰਾਤ ਚੋਰਾਂ ਨੇ ਨਹੀਂ ਬਖਸ਼ਿਆ। ਸ੍ਰ. ਕੁਲਵਿੰਦਰ ਸਿੰਘ ਪੈਟਰੋਲ ਪੰਪ ਦੇ ਮਾਲਕ ਨੇ ਦੱਸਿਆ ਕਿ ਵੀਰਵਾਰ ਰਾਤ 1.53 ਵਜੇ ਦੇ ਲਗਭਗ ਪੰਜ ਦੇ ਕਰੀਬ ਮੂੰਹ ਢੱਕ ਕੇ ਬਲੈਰੋ ਗੱਡੀ ਖੜੀ ਕਰ ਕੇ 13 ਢੱਕਣ ਚੋਰੀ ਕਰਕੇ ਲੈ ਗਏ ਹਨ। ਇਹ ਢੱਕਣ ਪੈਟਰੋਲ ਪੰਪ ਦੇ ਟੈਂਕਰਾਂ ਦੇ ਉੱਪਰ ਦਿੱਤੇ ਗਏ ਹੋਏ ਸਨ।ਸਿਰਫ ਇੱਕ ਢੱਕਣ ਜੋ ਗੱਡੀ ਦੇ ਟਾਇਰ ਥੱਲੇ ਸੀ ਉਹ ਬਚਿਆ ਹੈ ਸਰਦਾਰ ਕੁਲਵਿੰਦਰ ਸਿੰਘ ਅਤੇ ਮੈਨੇਜਰ ਮਿੱਟੂ ਨੇ ਕਿਹਾ ਕਿ ਤੇਲ ਟੈਂਕਰਾਂ ਦਾ ਇੱਕ ਇੱਕ ਢੱਕਣ 50 ਤੋਂ 55 ਕਿਲੋ ਗ੍ਰਾਮ ਦਾ ਹੈ ਇਸ ਚੋਰੀ ਬਾਰੇ ਥਾਣਾ ਸਦਰ ਜਲੰਧਰ ਜਮਸ਼ੇਰ ਖਾਸ ਨੂੰ ਦੱਸ ਦਿੱਤਾ ਗਿਆ ਹੈ ਇਹ ਘਟਨਾ ਸੀਸੀਟੀਵੀ ਕੈਮਰਿਆਂ ਵਿੱਚ ਵੀ ਆਈ ਹੈ। ਪਰ ਮਹਿੰਦਰਾ ਬੁਲੈਰੋ ਦਾ ਨੰਬਰ ਅਜੇ ਪਤਾ ਨਹੀਂ ਲੱਗਿਆ। ਇਸ ਸਬੰਧੀ ਜਦੋਂ ਇੰਸਪੈਕਟਰ ਜਮਸ਼ੇਰ ਸਦਰ ਅਜਾਇਬ ਸਿੰਘ ਔਜਲਾ ਗੱਲਬਾਤ ਕੀਤੀ ਗਈ ਤਾਂ ਉਹਨਾਂ ਨੇ ਕਿਹਾ ਕਿ ਘਟਨਾ ਸੰਬੰਧੀ ਮੌਕੇ ਦਾ ਪੂਰੀ ਤਰਾਂ ਜਾਇਜਾ ਲੈ ਕੇ ਆ ਗਿਆ ਹੈ ਅਤੇ ਦੋਸ਼ੀ ਦੀ ਪੂਰੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ। ਇਹਨਾਂ ਦੋਸ਼ੀਆਂ ਨੂੰ ਜਲਦ ਹੀ ਫੜ ਕੇ ਸਲਾਖਾਂ ਪਿੱਛੇ ਭੇਜਿਆ ਜਾਵੇਗਾ।

ਦਮਦਮੀ ਟਕਸਾਲ ਦੀ ਅਗਵਾਈ 'ਚ ਮਹਿਤਾ ਦੀਆਂ 2 ਪੰਚਾਇਤਾਂ ਦੀ ਸਰਬਸੰਮਤੀ ਨਾਲ ਚੋਣ

ਮਹਿਤਾ ਤੇ ਸੰਤ ਗੁਰਬਚਨ ਸਿੰਘ ਨਗਰ ਸਰਬਸੰਮਤੀ ਨਾਲ ਪੰਚਾਇਤਾਂ ਚੁਣਨ ਵਾਲੇ ਪੰਜਾਬ ਦੇ ਪਹਿਲੇ ਪਿੰਡ ਬਣੇ

ਚੌਕ ਮਹਿਤਾ • ਬਾਬਾ ਸੁਖਵੰਤ ਸਿੰਘ ਚੰਨਣਕੇ

ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿ. ਹਰਨਾਮ ਸਿੰਘ ਖਾਲਸਾ ਵੱਲੋਂ ਪਿੰਡ ਮਹਿਤਾ ਅਤੇ ਸੰਤ ਗੁਰਬਚਨ ਸਿੰਘ ਨਗਰ ਦੀਆਂ ਦੋਵੇਂ ਪੰਚਾਇਤਾਂ ਦੀ ਸਰਬਸੰਮਤੀ ਨਾਲ ਚੋਣ ਕਰਵਾ ਦੇਣ ਤੋਂ ਬਾਅਦ ਇਹ ਪਿੰਡ ਬਿਨਾਂ ਕਿਸੇ ਵਾਦ ਵਿਵਾਦ ਦੇ ਸਰਬ ਸੰਮਤੀ ਨਾਲ ਪੰਚਾਇਤਾਂ ਚੁਣਨ ਵਾਲੇ ਪੰਜਾਬ ਦੇ 2 ਪਹਿਲੇ ਪਿੰਡ ਬਣ ਗਏ ਹਨ। ਅੱਜ ਇਥੇ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਦੋਵਾਂ ਪਿੰਡਾਂ ਦੇ ਮੁਹਤਬਰ ਸੱਜਣ ਮੌਜੂਦ ਸਨ, ਜਿਨ੍ਹਾਂ ਦੀ ਰਾਏ ਲੈਣ ਤੋਂ ਬਾਅਦ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਪਿੰਡ ਮਹਿਤਾ ਤੋਂ ਇਕਬਾਲ ਸਿੰਘ ਸ਼ਾਹ ਅਤੇ ਸੰਤ ਗੁਰਬਚਨ ਸਿੰਘ ਨਗਰ ਤੋਂ ਰਿਟਾ. ਡੀ. ਐੱਸ. ਪੀ. ਕੁਲਵੰਤ ਸਿੰਘ ਨੂੰ ਸਰਪੰਚ ਐਲਾਨ ਦਿੱਤਾ ਗਿਆ। ਇਸ ਦੌਰਾਨ ਦੋਵਾਂ ਨਗਰਾ ਤੋਂ ਆਈ ਸੰਗਤ ਨੇ ਇਕਮੁੱਠਤਾ ਨਾਲ ਜੈਕਾਰੇ ਗਜਾ ਕੇ ਇਸ ਸਰਬ ਸੰਮਤੀ ਨੂੰ ਪ੍ਰਵਾਨ ਕੀਤਾ। ਉਪਰੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਦੋਵਾਂ ਸਰਪੰਚਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਸੰਗਤ ਨੂੰ ਵਧਾਈ ਦਿੱਤੀ। ਗਿਆਨੀ ਖਾਲਸਾ ਨੇ ਬਿਨਾਂ ਕਿਸੇ ਪੱਖਪਾਤ ਦੇ ਪਿੰਡਾਂ ਦਾ ਵਿਕਾਸ ਕਰਵਾਉਣ ਅਤੇ ਨਸ਼ੇ ਦੇ ਖਾਤਮੇ ਲਈ ਵਿਸ਼ੇਸ਼ ਉਪਰਾਲੇ ਕਰਨ ਲਈ ਆਖਿਆ। ਉਨ੍ਹਾਂ ਪੰਜਾਬ ਦੇ ਹੋਰਨਾਂ ਪਿੰਡਾਂ ਦੇ ਲੋਕਾਂ ਨੂੰ ਵੀ ਆਪਸੀ ਸਹਿਮਤੀ ਨਾਲ ਪੰਚਾਇਤਾਂ ਨਾਲ ਚੁਣਨ ਲਈ ਕਿਹਾ ਤਾਂ ਜੋ ਭਾਈਚਾਰਕ ਸਾਂਝ ਬਰਕਰਾਰ ਰਹਿ ਸਕੇ ਅਤੇ ਪਿੰਡਾਂ ਦਾ ਬਹੁਪੱਖੀ ਵਿਕਾਸ ਕਰਵਾਇਆ ਜਾ ਸਕੇ। ਇਸ ਮੌਕੇ ਜਥੇ. ਸੁਖਦੇਵ ਸਿੰਘ ਮੁੱਖ ਬੁਲਾਰਾ ਦਮਦਮੀ ਟਕਸਾਲ, ਬਾਬਾ ਅਜੀਤ ਸਿੰਘ ਮੁੱਖੀ ਤਰਨਾ ਦਲ ਮਹਿਤਾ, ਬਾਬਾ ਬੋਹੜ ਸਿੰਘ ਤੋਂ ਇਲਾਵਾ ਸਰਪੰਚ ਕਸ਼ਮੀਰ ਸਿੰਘ ਕਾਲਾ, ਸੈਕਟਰੀ ਸ਼ਮਸ਼ੇਰ ਸਿੰਘ ਸ਼ੇਰਾ, ਰਜਿੰਦਰ ਸਿੰਘ ਸ਼ਾਹ, ਸੁਖਜਿੰਦਰ ਸਿੰਘ ਪੰਚ, ਜਥੇ. ਸਕੱਤਰ ਸਿੰਘ, ਬਾਬਾ ਦਇਆ ਸਿੰਘ, ਜਥੇ. ਹਰਦੀਪ ਸਿੰਘ, ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ, ਪ੍ਰਧਾਨ ਹਰਭੇਜ ਸਿੰਘ ਭੇਜਾ, ਰਣਜੀਤ ਸਿੰਘ ਗੱਖਾ, ਲਾਡੀ ਨੰਬਰਦਾਰ, ਪ੍ਰਧਾਨ ਪੂਰਨ ਸਿੰਘ, ਬਾਬਾ ਕਰਮ ਸਿੰਘ, ਅਜੀਤ ਸਿੰਘ ਪੱਪੂ, ਸੁਚਾ ਸਿੰਘ, ਬਲਦੇਵ ਸਿੰਘ ਪੱਪੀ, ਭਜਨ ਸਿੰਘ ਟੇਲਰ, ਜਗਦੀਸ਼ ਸਿੰਘ, ਗੁਰਧਿਆਨ ਸਿੰਘ, ਗੁਰਮੇਲ ਸਿੰਘ ਬੱਬੂ, ਨਿਸ਼ਾਨ ਸਿੰਘ ਸ਼ਾਹ, ਜੋਰਾਵਰ ਸਿੰਘ ਬੱਬੂ, ਮੰਗਲ ਸਿੰਘ ਨੰਬਰਦਾਰ ਤੋਂ ਇਲਾਵਾ ਹੋਰ ਵੀਂ ਨਗਰ ਨਿਵਾਸੀ ਹਾਜ਼ਰ ਸਨ।

ਬੀ.ਪੀ.ਈ.ਓ ਭਾਦਸੋਂ-1 ਅਖਤਰ ਸਲੀਮ ਨੇ ਖੇਡਾਂ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ

ਨਾਭਾ • ਗੁਰਤੇਜ ਸਿੰਘ ਬੂਹੀ

ਸੈਂਟਰ ਪੁਰਾਣਾ ਹਾਈ ਕੋਰਟ ਨਾਭਾ ਦੀਆਂ ਖੇਡਾਂ ਵਿੱਚ ਬੀ ਪੀ ਈ ਉ ਭਾਦਸੋਂ 1 ਅਖਤਰ ਸਲੀਮ ਨੇਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਇਸ ਮੌਕੇ ਅਖਤਰ ਸਲੀਮ ਨੇਂ ਕਿਹਾ ਕਿ ਨੌਜਵਾਨਾ ਨੂੰ ਖੇਡਾ ਨਾਲ ਜੁੜਨਾ ਚਾਹੀਦਾ ਹੈ ਖੇਡਾ ਇਨਸਾਨ ਦੇ ਸਰੀਰ ਅਤੇ ਮਾਨਸਿਕ ਸਿਹਤ ਲਈ ਜਰੂਰੀ ਹਨ ਇਸ ਮੌਕੇ ਬੀ ਪੀ ਈ ਭਾਦਸੋਂ ਦਾ ਵਿਸੇਸ਼ ਸਨਮਾਨ ਕੀਤਾ ਗਿਆ ਇਸ ਮੌਕੇ ਧਰਮਿੰਦਰ ਕਲੇਰ ਨੇ ਕਿਹਾ ਕਿ ਬੀ ਪੀ ਈ ਉ ਭਾਦਸੋਂ ਮਿਹਨਤੀ ਅਤੇ ਇਮਾਨਦਾਰ ਅਫਸਰ ਹਨ ਇਸ ਮੌਕੇ ਰਾਜਿੰਦਰ ਸਿੰਘ,ਹਰਜਿੰਦਰ ਸਿੰਘ,ਜਗਜੀਤ ਸਿੰਘ, ਹਰਪ੍ਰੀਤ ਸਿੰਘ, ਸੁਖਚੈਨ ਸਿੰਘ, ਬਲਵਿੰਦਰ ਸਿੰਘ, ਰਵਿੰਦਰ ਪੁਰੀ, ਪੂਜਾ ਜੈਨ , ਰਵਿੰਦਰ ਕੌਰ ਬੀ ਐਮ ਉ, ਕਿਰਨ ਬਾਲਾ, ਸੁਲਤਾਨਾ ਬੇਗਮ ਅਤੇ ਨੀਤੂ ਰਾਣੀ ਹਾਜਰ ਸਨ।

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਅਤੇ 450 ਸਾਲਾ ਸ਼ਤਾਬਦੀ 'ਤੇ ਸ਼੍ਰੀ ਗੋਇੰਦਵਾਲ ਸਾਹਿਬ ਵਿਖੇ ਸੰਗਤਾਂ ਦਰਸ਼ਨ ਲਈ ਪੁੱਜੀਆਂ

ਤਰਨਤਾਰਨ • ਆਵਾਜ਼ ਬਿਊਰੋ

ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ 450 ਸਾਲਾਂ ਸ਼ਤਾਬਦੀ ਸਮਾਗਮ ਸੰਬੰਧੀ ਸ੍ਰੀ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ ਵਿਖੇ ਸੰਗਤਾਂ ਵੱਲੋਂ ਬਹੁਤ ਵੱਡੇ ਪੱਧਰ ਤੇ ਮਨਾਇਆ ਗਿਆ। ਦੇਸ਼ ਵਿਦੇਸ਼ ਅਤੇ ਦੂਰ ਦੁਰੇਡੇ ਤੋਂ ਸੰਗਤਾਂ ਨੇ ਪਹੁੰਚ ਕੇ ਹਾਜ਼ਰੀਆਂ ਭਰੀਆਂ। ਇਸੇ ਤਰ੍ਹਾਂ ਨਗਰ ਵਾੜਾ ਸ਼ੇਰ ਸਿੰਘ ਜਿਲਾ ਤਰਨ ਤਾਰਨ ਅਤੇ ਹੋਰ ਨਗਰਾਂ ਤੋਂ ਸੰਗਤਾਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੀਆਂ। ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 450 ਸਾਲਾਂ ਸ਼ਤਾਬਦੀ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਹੁਤ ਵੱਡੇ ਪੱਧਰ ਤੇ ਮਨਾਈ ਗਈ ਜਿਸ ਵਿੱਚ ਭਾਰੀ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਇਸੇ ਤਰ੍ਹਾਂ ਇੱਕ ਬੱਸ ਨਗਰ ਵਾੜਾ ਸ਼ੇਰ ਸਿੰਘ ਤੋਂ ਰਵਾਨਾ ਹੋਈ। ਜਿਸ ਵਿੱਚ ਪਿੰਡ ਭੈਣੀ ਮੱਸਾ ਸਿੰਘ ਭਿੱਖੀਵਿੰਡ ਅਤੇ ਦਿਆਲਪੁਰ ਦੀਆਂ ਸੰਗਤਾਂ ਹਾਜ਼ਰ ਹੋਈਆਂ। ਸੰਗਤਾਂ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕਰਦੀਆਂ ਗਈਆਂ ਸ਼ਾਮ ਨੂੰ ਸੋ ਦਰ ਸ੍ਰੀ ਰਹਿਰਾਸ ਸਾਹਿਬ ਜੀ ਦੇ ਜਾਪ ਕੀਤੇ ਗਏ। ਇਸ ਮੌਕੇ ਇੰਟਰਨੈਸ਼ਨਲ ਪੰਥਕ ਦਲ ਤੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ, ਭਾਈ ਭੁਪਿੰਦਰ ਸਿੰਘ ਜੀ ਪਨੇਸਰ ਭਿੱਖੀਵਿੰਡ, ਭਾਈ ਭਗਵੰਤ ਸਿੰਘ ਜੀ ਦਿਆਲਪੁਰ, ਸ੍ਰ ਕਰਨੈਲ ਸਿੰਘ ਸਪੁੱਤਰ ਸ੍ਰ ਮੁਖਤਿਆਰ ਸਿੰਘ, ਸ੍ਰ ਕਰਮ ਸਿੰਘ ,ਪਿਸ਼ੌਰਾ ਸਿੰਘ, ਸ੍ਰ ਬੋਹੜ ਸਿੰਘ ਡਿੱਬੀਪੁਰ, ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਲੈਗਨਫਰੋਟ ਵਿਖੇ ਨਗਰ ਕੀਰਤਨ ਅੱਜ ਆਸਟਰੀਆ ਯੂਰਪ ਦੀ ਸੰਗਤ ਵਿੱਚ ਭਾਰੀ ਉਤਸ਼ਾਹ ਅਤੇ ਤਿਆਰੀਆਂ ਜੋਰਾਂ ਤੇ

ਤਰਨਾਤਰਨ • ਆਵਾਜ਼ ਬਿਊਰੋ

ਦਸ ਪਾਤਸ਼ਾਹੀਆਂ ਦੀ ਜੋਤ ਚਵਰ ਤਖਤ ਦੇ ਮਾਲਕ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਕਲੈਗਨਫਰੋਟ 106,9020 ਵਿਖੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਮਹਾਨ ਵਿਸ਼ਾਲ ਨਗਰ ਕੀਰਤਨ 22 ਸਤੰਬਰ ਦਿਨ ਐਤਵਾਰ ਨੂੰ ਸ਼ਾਨੋ ਸ਼ੌਕਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਵਾ ਕੇ 11 ਵਜੇ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ। ਭਾਈ ਹਰਪਾਲ ਸਿੰਘ ਜੀ ਗਿੱਲ ਸੀਨੀਅਰ ਮੀਤ ਪ੍ਰਧਾਨ ਕਲੈਗਨਫਰੋਟ ਅਤੇ ਆਸਟਰੀਆ ਯੂਰਪ ਦੇ ਮੁੱਖ ਬੁਲਾਰੇ ਭਾਈ ਵਰਿੰਦਰ ਸਿੰਘ ਜੀ ਜੌਹਲ ਹੁਰਾਂ ਨੇ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਅਸਟਰੀਆ ਯੂਰਪ ਦੀਆਂ ਸਮੂਹ ਸੰਗਤਾਂ ਵਿੱਚ ਨਗਰ ਕੀਰਤਨ ਪ੍ਰਤੀ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਅਤੇ ਸਮੂਹ ਸੰਗਤਾਂ ਵੱਲੋਂ ਤਿਆਰੀਆਂ ਜ਼ੋਰਾਂ ਤੇ ਹਨ। ਅਸੀਂ ਆਸਟਰੀਆ ਯੂਰਪ ਦੀ ਸੰਗਤ ਨੂੰ ਅਪੀਲ ਕਰਦੇ ਹਾਂ ਨਗਰ ਕੀਰਤਨ ਵਿੱਚ ਆਪਣੇ ਪਰਿਵਾਰਾਂ ਸਮੇਤ ਹੁਮ ਹੁਮਾ ਕੇ ਜਰੂਰ ਪਹੁੰਚਣ। ਆਪਣੇ ਕੰਮਾਂ ਨੂੰ ਸੰਕੋਚਦੇ ਹੋਏ ਨਗਰ ਕੀਰਤਨ ਵਿੱਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਗਤਕੇ ਦੇ ਮੁਕਾਬਲੇ ਕਰਵਾਏ ਜਾਣਗੇ। ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਨਗਰ ਕੀਰਤਨ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਆਪਣੀ ਹਾਜਰੀ ਭਰਨਗੇ। ਦੱਸਣ ਯੋਗ ਹੈ ਕਿ ਨਗਰ ਕੀਰਤਨ ਵਿੱਚ ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਬਾਰੇ ਪੂਰਨ ਤੌਰ ਤੇ ਜਾਣਕਾਰੀ ਦਿੱਤੀ ਜਾਵੇਗੀ। ਭਾਈ ਵਰਿੰਦਰ ਸਿੰਘ ਜੀ ਅਤੇ ਭਾਈ ਹਰਪਾਲ ਸਿੰਘ ਜੀ ਗਿੱਲ ਨੇ ਦੱਸਿਆ ਕਿ ਇਹ ਵੀ ਬਹੁਤ ਵੱਡੀ ਖੁਸ਼ੀ ਵਾਲੀ ਗੱਲ ਹੈ ਕਿ ਨਗਰ ਕੀਰਤਨ ਵਿੱਚ ਦੁਨੀਆ ਦਾ ਪਹਿਲਾ ਦੇਸ਼ ਅਸਟਰੀਆ ਹੋਵੇਗਾ ਜਿੱਥੇ ਸਮੂਹ ਗੁਰਦੁਆਰਾ ਸਾਹਿਬਾਨਾਂ ਦੀਆਂ ਕਮੇਟੀਆਂ ਦਾ ਪੂਰਨ ਸਹਿਯੋਗ ਅਤੇ ਏਕਤਾ ਹੈ ਜਿੱਥੇ ਅਸਟਰੀਆ ਦੀ ਧਰਤੀ ਤੇ ਹੋਣ ਵਾਲਾ ਹਰ ਕਾਰਜ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਸੰਗਤਾਂ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਂਦਾ ਹੈ। ਇਹ ਅਸਟਰੀਆ ਯੂਰਪ ਦੀ ਸੰਗਤਾਂ ਦੀ ਬਹੁਤ ਵੱਡੀ ਕਾਮਯਾਬੀ ਹੈ। ਨਗਰ ਕੀਰਤਨ ਦਾ ਸਾਰਾ ਪ੍ਰੋਗਰਾਮ ਭਾਈ ਜਗਤਾਰ ਸਿੰਘ ਜੀ ਸਿੱਖ ਚੈਨਲ ਰਾਹੀਂ ਯੂ.ਕੇ. ਤੋਂ ਨਗਰ ਕੀਰਤਨ ਲਾਈਵ ਕਰਨ ਲਈ ਵਿਸ਼ੇਸ਼ ਤੌਰ ਤੇ ਪਹੁੰਚੇ ਹਨ। ਦੁਨੀਆਂ ਭਰ ਵਿੱਚ ਸੰਗਤਾਂ ਸਿੱਖ ਚੈਨਲ ਰਾਹੀਂ ਨਗਰ ਕੀਰਤਨ ਦਾ ਲਾਈਵ ਦੇਖ ਸਕਦੀਆਂ ਹਨ। ਇਸ ਮੌਕੇ ਸ੍ਰ ਪਰਮਿੰਦਰ ਸਿੰਘ, ਸ੍ਰ ਅਮਰਜੋਤ ਸਿੰਘ, ਸ੍ਰ ਜਸਬੀਰ ਸਿੰਘ, ਸ੍ਰ ਬਲਵਿੰਦਰ ਸਿੰਘ, ਭਾਈ ਜਗਤਾਰ ਸਿੰਘ ਜੀ ਸਿੱਖ ਚੈਨਲ ਅਤੇ ਹੋਰ ਪਤਵੰਤੇ ਹਾਜਰ ਸਨ।

ਹਰ ਕਾਰਡ ਧਾਰਕ ਈ-ਕੇਵਾਈਸੀ ਕਰਵਾਉਣ ਦੀ ਪਹਿਲ ਜ਼ਰੂਰ ਕਰੇ : ਜਸਪਾਲ ਕੋਰ

ਅਮਲੋਹ • ਲਖਵੀਰ ਸਿੰਘ

ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਸ੍ਰੀਮਤੀ ਮੀਨਾਕਸ਼ੀ ਦੀ ਸਰਪ੍ਰਸਤੀ ਅਤੇ ਸਹਾਇਕ ਖੁਰਾਕ ਅਤੇ ਸਪਲਾਈ ਅਫ਼ਸਰ ਸ੍ਰੀ ਮਤੀ ਜਸਪਾਲ ਕੌਰ ਦੀ ਯੋਗ ਅਗਵਾਈ ਹੇਠ ਇੰਸਪੈਕਟਰਾਂ ਵੱਲੋਂ ਡਿੰਪੂ ਹੋਲਡਰਾ ਦੇ ਸਹਿਯੋਗ ਨਾਲ ਅਮਲੋਹ ਸ਼ਹਿਰ ਦੇ ਵੱਖ ਵੱਖ ਹਿੱਸਿਆਂ ਵਿੱਚ ਕੈਂਪ ਲਗਾਇਆ ਗਿਆ। ਇਸ ਮੌਕੇ ਕਾਰਡ ਧਾਰਕਾਂ ਨੂੰ ਜਾਗਰੂਕ ਕਰਕੇ ਉਹਨਾਂ ਦੇ ਪਰਿਵਾਰਾਂ ਦੀ ਈ- ਕੇਵਾਇਸੀ ਕੀਤੀ ਗਈ। ਇਸ ਮੌਕੇ ਜਸਪਾਲ ਕੌਰ ਨੇ ਕਾਰਡ ਧਾਰਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਹੜੇ ਵੀ ਕਾਰਡ ਧਾਰਕ ਕੈਂਪ ਵਿੱਚ ਨਹੀਂ ਪਹੁੰਚ ਸਕੇ ਉਹ ਆਪਣੇ ਨਜ਼ਦੀਕੀ ਡਿੰਪੂ ਪਾਸ਼ ਆਪਣੀ ਈ- ਕੇਵਾਈਸੀ ਕਰਵਾ ਸਕਦੇ ਹਨ ਅਤੇ ਇਹ ਕਰਵਾਉਣਾ ਬਹੁਤ ਜ਼ਰੂਰੀ ਹੈ। ਉਹਨਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਅਜਿਹੇ ਕੈਂਪ ਲਗਾਉਣ ਨੂੰ ਪਹਿਲ ਕੀਤੀ ਜਾਵੇਗੀ ਅਤੇ ਲੋਕ ਇਨ੍ਹਾਂ ਕੈਂਪਾਂ ਦਾ ਲਾਭ ਜ਼ਰੂਰ ਲੈਣ। ਇਸ ਮੌਕੇ ਇੰਸਪੈਕਟਰ ਸੰਦੀਪ ਕੁਮਾਰ, ਇੰਸਪੈਕਟਰ ਕੀਰਤੀ ਗਰਗ, ਇੰਸਪੈਕਟਰ ਕਰਨਜੋਤ ਸਿੰਘ ਅਤੇ ਡਿੰਪੂ ਹੋਲਡਰ ਮੌਜੂਦ ਸਨ।

ਮਾਤਾ ਗੁਜਰੀ ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਸਾਈਬਰ ਸੁਰੱਖਿਆ 'ਤੇ ਇੰਟਰੈਕਟਿਵ ਸੈਸ਼ਨ

ਫ਼ਤਹਿਗੜ੍ਹ ਸਾਹਿਬ • ਨਰਿੰਦਰ ਸਿੰਘ

ਮਾਤਾ ਗੁਜਰੀ ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਵੱਲੋਂ 'ਸਾਈਬਰ ਸੁਰੱਖਿਆ ਅਤੇ ਕਲਾਊਡ ਕੰਪਿਊਟਿੰਗ' ਵਿਸ਼ੇ ਦੇ ਸੰਬੰਧ ਵਿਚ ਇੱਕ ਜਾਣਕਾਰੀ ਭਰਪੂਰ ਇੰਟਰੈਟਿਵ ਸੈਸ਼ਨ ਕਰਵਾਇਆ ਗਿਆ। ਇਸ ਸੈਸ਼ਨ ਵਿੱਚ ਐਮ.ਸੀ.ਏ. ਭਾਗ ਦੂਸਰਾ, ਬੀ.ਐੱਸਸੀ. ਆਰਟੀਫ਼ੀਸ਼ੀਅਲ ਇੰਟੈਲੀਜੈਂਸ ਡਾਟਾ ਸਾਇੰਸ ਭਾਗ ਤੀਸਰਾ ਅਤੇ ਬੀ.ਵੋਕ. ਸਾਫਟਵੇਅਰ ਡਿਵੈਲਪਮੈਂਟ ਭਾਗ ਤੀਸਰਾ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਸੈਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਾਈਬਰ ਸੁਰੱਖਿਆ ਅਤੇ ਕਲਾਊਡ ਕੰਪਿਊਟਿੰਗ ਦੇ ਖੇਤਰ ਵਿੱਚ ਮੌਜੂਦਾ ਰੁਝਾਨਾਂ ਅਤੇ ਚੁਣੌਤੀਆਂ ਬਾਰੇ ਜਾਗਰੂਕ ਕਰਨਾ ਸੀ ਜੋ ਅੱਜ ਦੇ ਡਿਜੀਟਲ ਯੁੱਗ ਦੇ ਅਹਿਮ ਪਹਿਲੂ ਹਨ। ਇਸ ਸੈਸ਼ਨ ਦਾ ਸੰਚਾਲਨ ਮੁਹਾਲੀ ਸਥਿਤ ਥਿੰਕਨੈਕਸਟ ਟੈਕਨਾਲੋਜੀਜ਼ ਪ੍ਰਾਈਵੇਟ ਲਿਮਿਟਿਡ ਵਿੱਚ ਬਿਜ਼ਨਸ ਡਿਵੈਲਪਮੈਂਟ ਮੈਨੇਜਰ ਇੰਜੀ. ਬਲਰਾਮ ਸਿੰਘ ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਵਿਦਿਆਰਥੀਆਂ ਨਾਲ ਕਾਰਪੋਰੇਟ ਜਗਤ ਵਿੱਚ ਸਾਈਬਰ ਸੁਰੱਖਿਆ ਦੇ ਉਪਾਵਾਂ ਅਤੇ ਕਲਾਊਡ ਕੰਪਿਊਟਿੰਗ ਟੈਕਨਾਲੋਜੀ ਦੇ ਵਿਹਾਰਕ ਐਪਲੀਕੇਸ਼ਨਾਂ ਬਾਰੇ ਕੀਮਤੀ ਸੁਝਾਅ ਸਾਂਝੇ ਕੀਤੇ ਗਏ। ਇਸਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਉਦਾਹਰਣਾਂ ਦੁਆਰਾ ਡਾਟਾ ਸੁਰੱਖਿਆ ਵਿੱਚ ਖ਼ਤਰੇ ਘਟਾਉਣ ਅਤੇ ਵੱਖ-ਵੱਖ ਖੇਤਰਾਂ ਵਿੱਚ ਕਲਾਊਡ ਕੰਪਿਊਟਿੰਗ ਦੀ ਵਧਦੀ ਮੰਗ 'ਤੇ ਉਸ ਦੇ ਬੁਨਿਆਦੀ ਢਾਂਚੇ ਬਾਰੇ ਵਿਸਥਾਰ ਨਾਲ ਦੱਸਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕੰਪਿਊਟਰ ਸਾਇੰਸ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਗਿਆਨ ਭਰਪੂਰ ਸੈਸ਼ਨ ਵਿਦਿਆਰਥੀਆਂ ਦੇ ਵਿੱਦਿਅਕ ਅਤੇ ਵਿਹਾਰਕ ਗਿਆਨ ਵਿੱਚ ਵਾਧਾ ਕਰਦੇ ਹਨ। ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਪ੍ਰੋ. ਰਸ਼ਮੀ ਅਰੋੜਾ ਨੇ ਦੱਸਿਆ ਕਿ ਵਿਭਾਗ ਵੱਲੋਂ ਆਯੋਜਿਤ ਸੈਸ਼ਨ ਜ਼ਰੀਏ ਵਿਦਿਆਰਥੀਆਂ ਨੂੰ ਮਾਹਿਰ ਵਿਅਕਤੀਆਂ ਨਾਲ ਗੱਲਬਾਤ ਕਰਨ, ਸਵਾਲ ਪੁੱਛਣ ਅਤੇ ਇਸ ਖੇਤਰ ਵਿਚ ਨਿਰੰਤਰ ਵਿਕਸਤ ਹੋ ਰਹੇ ਸੰਭਾਵੀ ਮੌਕਿਆਂ ਦੀ ਖੋਜ ਕਰਨ ਦਾ ਮੌਕਾ ਪ੍ਰਦਾਨ ਕੀਤਾ ਗਿਆ। ਸਮਾਗਮ ਦੇ ਅਖੀਰ ਵਿੱਚ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਇੰਜੀ. ਬਲਰਾਮ ਸਿੰਘ ਦਾ ਵਿਦਿਆਰਥੀਆਂ ਨਾਲ ਆਪਣੇ ਮਹੱਤਵਪੂਰਨ ਤਜਰਬੇ ਸਾਂਝੇ ਕਰਨ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

ਨੂਰਮਹਿਲ ਵਿੱਚ ਰਾਮ ਲੀਲਾ ਨਾਟਕ 2 ਅਕਤੂਬਰ ਤੋਂ ਸ਼ੁਰੂ

ਨੂਰਮਹਿਲ • ਰਵਿੰਦਰ ਕੁਮਾਰ ਭਾਰਦਵਾਜ

ਰਾਮਾ ਡਰਾਮਾਟਿਕ ਕਲੱਬ ਰਜਿ ਨੂਰਮਹਿਲ ਵਲੋਂ ਦੁਸਿਹਰੇ ਦਾ ਸ਼ੁਭ ਤਿਉਹਾਰ ਮੌਕੇ ਰਾਮ ਲੀਲਾ ਨਾਟਕ 2 ਅਕਤੂਬਰ ਤੋਂ 13 ਅਕਤੂਬਰ ਤੱਕ ਕਰਵਾਏ ਜਾ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਭੂਸ਼ਨ ਸ਼ਰਮਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਹ ਨਾਟਕ ਨੂਰਮਹਿਲ ਦੇ ਰਾਇ ਸਾਹਿਬ ਗਰਾਉਂਡ ਵਿਚ ਕਰਵਾਏ ਜਾ ਰਹੇ ਹਨ ਜਿਸ ਦੀ ਸ਼ੁਰੂਆਤ 2 ਅਕਤੂਬਰ ਨੂੰ ਹੋ ਰਹੀ ਹੈ ਕਲੱਬ ਦੇ ਮੈਂਬਰਾਂ ਵਲੋਂ ਸ਼ਹਿਰ ਦੇ ਪਤਵੰਤਿਆ ਤੇ ਪੱਤਰਕਾਰਾਂ ਨੂੰ ਨਾਟਕਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਦਿੱਤਾ ਗਿਆ ਇਸ ਮੌਕੇ ਦੀਪਕ ਕੁਮਾਰ ਦੀਪੂ ਕੌਂਸਲਰ ,ਵਿਨੈ ਗਿੱਲ, ਤੇ ਕਲੱਬ ਦੇ ਹੋਰ ਮੈਂਬਰ ਵੀ ਹਾਜ਼ਰ ਸਨ। ਕੌਂਸਲਰ ਦੀਪਕ ਕੁਮਾਰ ਨੇ ਦੱਸਿਆ ਕਿ ਇਨ੍ਹਾਂ ਨਾਟਕਾਂ ਵਿਚ ਸੁਰਿੰਦਰ ਪਾਲ ਨੀਲਾ, ਸ਼ਸ਼ੀ ਭੂਸ਼ਣ ਪਾਸੀ, ਅਸ਼ੋਕ ਬਿਆਸ, ਸੁਰਿੰਦਰ ਡੋਲ, ਰਾਜ ਕੁਮਾਰ ਗੋਗਨਾ, ਤੇ ਹਰੀਸ ਅਰੋੜਾ ਦਾ ਵਿਸ਼ੇਸ਼ ਯੋਗਦਾਨ ਰਹੇਗਾ।

ਥਾਣਾ ਸੁਲਤਾਨਵਿੰਡ ਪੁਲਿਸ ਵੱਲੋਂ ਮੰਦਰ 'ਚ ਚੋਰੀ ਕਰਨ ਵਾਲਾ ਕਾਬੂ

ਅੰਮ੍ਰਿਤਸਰ • ਮਲਕੀਅਤ ਸਿੰਘ

ਥਾਣਾ ਸੁਲਤਾਨਵਿੰਡ ਦੇ ਮੁੱਖ ਅਫਸਰ ਸ੍ਰੀ ਰਕੇਸ਼ ਕੁਮਾਰ ਦੀ ਅਗਵਾਈ ਹੇਠ ਸਮੇਤ ਪੁਲਿਸ ਟੀਮ ਵਲੋਂ ਮੰਦਿਰ ਵਿੱਚ ਚੋਰੀ ਕਰਨ ਵਾਲੇ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ ਹੈ। ਮਿਤੀ 17.09.2024 ਨੂੰ ਏ.ਐਸ.ਆਈ ਦਿਲਬਾਗ ਸਿੰਘ ਕੋਲ ਇਕ ਦਰਖਾਸਤ ਮਨਜੀਤ ਕੌਰ ਵਾਸੀ ਖਾਲਸਾ ਨਗਰ, ਤਰਨ ਤਾਰਨ ਰੋਡ ਅੰਮ੍ਰਿਤਸਰ ਨੇ ਹਾਜਰ ਥਾਣਾ ਆ ਕਿ ਦਿੱਤੀ ਕਿ ਮੈਂ ਸਿਵ ਮੰਦਰ ਸਾਹਮਣੇ ਰੰਗਾਈ ਵਾਲਾ ਕਾਰਖਾਨਾ ਖਾਲਸਾ ਨਗਰ ਵਿੱਚ ਬਤੌਰ ਮੁੱਖ ਸੇਵਾਦਾਰ ਸੇਵਾ ਕਰਦੀ ਹਾਂ ਤੇ ਮਿਤੀ 16.09.2024 ਨੂੰ ਰਾਤ ਕਰੀਬ 08 ਵਜੇ ਮੈ, ਮੰਦਰ ਬੰਦ ਕਰਕੇ ਆਪਣੇ ਘਰ ਆ ਗਈ ਸੀ ਤੇ ਅਗਲੇ ਦਿਨ ਸੁਬਾ ਦੇਖਿਆ ਕਿ ਮੰਦਰ ਦੇ ਦਰਵਾਜੇ ਲਾਗੇ ਕੰਧ ਪਾੜ ਕਿ ਮੰਦਰ ਵਿੱਚੋਂ ਕੋਈ ਨਾਮਲਮ ਵਿਆਕਤੀ ਇਕ ਐਲ.ਈ.ਡੀ.ਤੇ ਸੀ.ਸੀ.ਟੀ.ਵੀ ਕੈਮਰਿਆ ਦਾ ਡੀ.ਵੀ.ਆਰ ਅਤੇ ਕੁੱਝ ਪੈਸੇ ਗੋਲਕ ਵਿੱਚੋਂ ਕਰਕੇ ਲੈ ਗਏ ਹਨ ਜਿਸ ਦੇ ਅਧਾਰ ਪਰ ਏ.ਐਸ.ਆਈ ਮੁਕੱਦਮ ਦਰਜ ਰਜਿਸਟਰ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ ਤੇ ਥਾਣਾ ਹਜਾ ਵਿੱਚ ਵੱਖ-ਵੱਖ ਟੀਮਾ ਬਣਾ ਕਿ ਟੈਕੀਨਕਲ ਤਰੀਕੇ ਨਾਲ 36 ਘੰਟਿਆ ਦੇ ਵਿੱਚ ਵਿੱਚ ਇਕ ਦੋਸ਼ੀ ਮਨਪ੍ਰੀਤ ਸਿੰਘ ਉਰਫ ਸੰਨੀ ਉਰਫ ਢੋਲੀ ਪੁੱਤਰ ਅਮਰੀਕ ਸਿੰਘ ਵਾਸੀ ਝਾਟੀਵਿੰਡ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋ ਇਕ ਐਲ.ਈ.ਡੀ.ਇਕ ਡੀ.ਵੀ. ਆਰ, 450 ਰੁਪੇ ਭਾਰਤੀ ਕਰੰਸੀ ਬ੍ਰਾਮਦ ਕੀਤਾ ਗਿਆ ਤੇ ਦੂਸਰੇ ਨੂੰ ਵੀ ਜਲਦ ਤੋਂ ਜਲਦ ਗ੍ਰਿਫਤਾਰ ਕੀਤਾ ਜਾਵੇਗਾ। ਗ੍ਰਿਫਤਾਰ ਦੋਸ਼ੀ ਦੇ ਖਿਲਾਫ ਪਹਿਲਾਂ ਵੀ ਅੰਮ੍ਰਿਤਸਰ ਦਿਹਾਤੀ ਅਤੇ ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਵਿੱਚ ਚੋਰੀ ਦੇ ਚਾਰ ਮੁਕਦਮੇ ਦਰਜ ਹਨ।

168 ਬੋਤਲਾਂ ਅੰਗਰੇਜ਼ੀ ਤੇ ਦੇਸੀ ਸ਼ਰਾਬ ਸਮੇਤ ਦੋ ਮੁਲਜ਼ਮ ਕਾਬੂ, ਮਾਮਲਾ ਦਰਜ

ਦੀਨਾਨਗਰ • ਸੁਰਿੰਦਰ ਸਿੰਘ ਸੋਨੀ

ਦੀਨਾਨਗਰ ਦੇ ਵਿੱਚ ਸ਼ਰਾਬ ਦਾ ਕਾਰੋਬਾਰ ਪਿਛਲੇ ਲੰਮੇ ਸਮੇਂ ਤੋਂ ਚਲਦਾ ਆ ਰਿਹਾ ਹੈ। ਕਰਿਆਨੇ ਦੀਆਂ ਦੁਕਾਨਾਂ ਵਾਂਗ ਸਰਾਬ ਦੀਆਂ ਬਰਾਂਚਾਂ ਸਰੇਆਮ ਚਲ ਰਹੀਆਂ ਹਨ। ਇਹ ਬਰਾਂਚਾਂ ਰਿਹਾਇਸੀ ਇਲਾਕੇ ਵਿੱਚ ਸਰੇਆਮ ਚਲਾਇਆਂ ਜਾ ਰਹੀਆਂ ਹਨ। ਜਿਸ ਦੇ ਸਬੰਧ ਵਿੱਚ ਆਬਕਾਰੀ ਵਿਭਾਗ ਵਲੋਂ ਇੱਕ ਛੋਟੀ ਜਿਹੀ ਪਹਿਲਕਦਮੀ ਕੀਤੀ ਗਈ ਹੈ। ਆਬਕਾਰੀ ਵਿਭਾਗ ਦੀ ਟੀਮ ਨੇ ਥਾਣਾ ਦੀਨਾਨਗਰ ਦੀ ਪੁਲੀਸ ਦੀ ਮਦਦ ਨਾਲ ਦੋ ਮੁਲਜ਼ਮਾਂ ਨੂੰ 168 ਬੋਤਲਾਂ ਅੰਗਰੇਜ਼ੀ ਅਤੇ ਦੇਸੀ ਸ਼ਰਾਬ ਸਮੇਤ ਕਾਬੂ ਕੀਤਾ ਹੈ। ਜਿਸ ਦੇ ਖਿਲਾਫ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਏ.ਐਸ.ਆਈ ਕੁਲਦੀਪ ਸਿੰਘ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਸਮੇਤ ਲਾਇਟਾਂ ਵਾਲੇ ਚੌਂਕ ਵਿਖੇ ਮੌਜੂਦ ਸਨ। ਇਸ ਦੌਰਾਨ ਆਬਕਾਰੀ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਮੁਨੀਸ਼ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਬੇਰੀਆਂ ਮੁਹੱਲਾ, ਦੀਨਾਨਗਰ ਦੇ ਵਾਰਡ ਨੰਬਰ 7 ਅਤੇ ਸੰਜੀਵ ਕੁਮਾਰ ਉਰਫ਼ ਬਿੱਟੂ ਪੁੱਤਰ ਰਾਮ ਗੋਪਾਲ ਵਾਸੀ ਗੁੱਜਰਾਂਵਾਲੀ ਗਲੀ ਵਾਰਡ ਨੰਬਰ 13, ਜੋ ਕਿ ਅੰਗਰੇਜ਼ੀ ਅਤੇ ਦੇਸੀ ਸ਼ਰਾਬ ਦਾ ਕਾਰੋਬਾਰ ਕਰਦੇ ਹਨ।

ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਮੀਟਿੰਗ 23 ਨੂੰ

ਅੱਪਰਾ • ਬੂਟਾ ਸਿੰਘ ਢੀਂਡਸਾ

ਭਾਰਤੀ ਕਿਸਾਨ ਯੂਨੀਅਨ ਲੱਖਵਾਲ ਦੀ ਇੱਕ ਅਹਿਮ ਮੀਟਿੰਗ ਮਿਤੀ 23 ਸਤੰਬਰ ਦਿਨ ਸੋਮਵਾਰ ਨੂੰ ਦਾਣਾ ਮੰਡੀ ਲਸਾੜਾ ਵਿਖੇ ਹੋ ਰਹੀ ਹੈ ? ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਗੁਰਮੀਤ ਸਿੰਘ ਗਰੇਵਾਲ ਤੇ ਵਿਨੋਦ ਭਾਰਦਵਾਜ ਮੋਰੋਂ ਨੇ ਦੱਸਿਆ ਕਿ ਇਸ ਮੌਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਤੇ ਮੱਧਮ ਵਰਗ ਦੀਆਂ ਸਮੱਸਿਆਵਾਂ ਦੇ ਹਲ ਲਈ ਵਿਚਾਰ ਚਰਚਾ ਕੀਤੀ ਜਾਵੇਗੀ ।

ਆਉਣ ਵਾਲੀਆਂ ਪੰਚਾਇਤੀ ਚੋਣਾਂ 'ਚ ਮਿਹਨਤੀ ਨੌਜਵਾਨਾਂ ਨੂੰ ਪੰਚ ਤੇ ਸਰਪੰਚ ਬਣਾਇਆ ਜਾਵੇ : ਡੇਰਾ

ਫਤਿਹਗੜ ਸਾਹਿਬ • ਨਰਿੰਦਰ ਸਿੰਘ

ਪਿੰਡਾਂ ਦੇ ਸਰਬ ਪੱਖੀ ਵਿਕਾਸ ਲਈ ਆਉਣ ਵਾਲੀਆਂ ਪੰਚਾਇਤੀ ਚੋਣਾਂ ਵਿੱਚ ਮਿਹਨਤੀ ਨੌਜਵਾਨਾਂ ਨੂੰ ਪੰਚ ਤੇ ਸਰਪੰਚ ਬਣਾਇਆ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕੁਲਵਿੰਦਰ ਸਿੰਘ ਡੇਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ । ਉਹਨਾਂ ਕਿਹਾ ਕਿ ਪੰਚਾਇਤੀ ਚੋਣਾਂ ਵਿੱਚ ਅਜਿਹੇ ਨੌਜਵਾਨਾਂ ਦੀ ਚੋਣ ਕੀਤੀ ਜਾਵੇ ਜੋ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਬਿਨਾਂ ਕਿਸੇ ਭੇਦ ਭਾਵ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਕਰਵਾ ਸਕਣ। ਕੁਲਵਿੰਦਰ ਸਿੰਘ ਡੇਰਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵੱਲੋਂ ਸਰਬ ਸਮਤੀ ਨਾਲ ਚੁਣੀਆ ਜਾਣ ਵਾਲੀਆਂ ਪੰਚਾਇਤਾਂ ਸਪੈਸ਼ਲ ਗਰਾਂਟਾਂ ਦੇ ਕੇ ਨਿਵਾਜਿਆ ਜਾਵੇਗਾ ਅਤੇ ਸਰਬ ਸੰਮਤੀ ਨਾਲ ਚੁਣੀਆਂ ਜਾਣ ਵਾਲੀਆਂ ਪੰਚਾਇਤਾਂ ਦਾ ਖਾਸ ਕਰ ਹਲਕਾ ਫਤਿਹਗੜ੍ਹ ਸਾਹਿਬ ਵਿੱਚ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਵੱਲੋਂ ਵਿਸ਼ੇਸ਼ ਮਾਨ ਸਨਮਾਨ ਵੀ ਕੀਤਾ ਜਾਵੇਗਾ। ਇਸ ਲਈ ਹਰੇਕ ਪਿੰਡ ਵਿੱਚ ਹੋ ਸਕੇ ਵੱਧ ਤੋਂ ਵੱਧ ਸਰਬ ਸੰਮਤੀ ਨਾਲ ਪੰਚਾਇਤਾਂ ਦੀਆਂ ਚੋਣਾਂ ਦੌਰਾਨ ਸਰਪੰਚਾਂ ਅਤੇ ਪੰਚਾਂ ਦੀ ਚੋਣ ਕੀਤੀ ਜਾਵੇ, ਉਹਨਾਂ ਕਿਹਾ ਕਿ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਦੇ ਨੁਮਾਇੰਦੇ ਹੀ ਲਗਾਤਾਰ ਪੰਜ ਸਾਲ ਦੀ ਆਪਣੀ ਟਰਮ ਦੌਰਾਨ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਿ ਸਕਦੇ ਹਨ ਨਹੀਂ ਤਾਂ ਪਾਰਟੀਬਾਜੀ ਕਾਰਨ ਪੰਚਾਇਤਾਂ ਅਤੇ ਪਿੰਡਾਂ ਦਾ ਕਾਫੀ ਵਿਕਾਸ ਪੱਖੋਂ ਨੁਕਸਾਨ ਹੁੰਦਾ ਹੈ ਅਤੇ ਗੁੱਟਬੰਦੀ ਵੀ ਬਣ ਜਾਂਦੀ ਹੈ ਇਸ ਲਈ ਹਰੇਕ ਪੰਚਾਇਤ ਨੂੰ ਸਰਬ ਸੰਮਤੀ ਕਰਨ ਵਿੱਚ ਤਰਜੀਹ ਦੇਣੀ ਚਾਹੀਦੀ ਹੈ ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵੀ ਚੀਮਾ ਹਰਲਾਲਪੁਰ, ਸਨੀ ਬਹਿਲੋਲਪੁਰ, ਪਰਮਪਾਲ ਸਿੰਘ ਬਤਰਾ, ਭੁਪਿੰਦਰ ਸਿੰਘ ਨਲੀਨਾ, ਗੁਰਦਰਸ਼ਨ ਸਿੰਘ ਹਨੀ ਅਤੇ ਹੋਰ ਆਗੂ ਸਾਹਿਬਾਨ ਵੀ ਹਾਜ਼ਰ ਸਨ।

ICICI Home Finance

ਕਾਰਪੋਰੇਟ ਦਫਤਰ : ਆਈਸੀਆਈਸੀਆਈ ਹੋਮ ਫਾਈਨੈਂਸ ਕੰਪਨੀ ਲਿਮਟਿਡ ਆਈਸੀਆਈਸੀਆਈ ਐਚਐਫਸੀ ਟਾਵਰ, ਅੰਧੇਰੀ - ਕੁਰਲਾ ਰੋਡ, ਅੰਧੇਰੀ (ਈਸਟ), ਮੁੰਬਈ-400059, ਇੰਡੀਆ

ਬਰਾਂਚ ਆਫਿਸ : ਦੂਜੀ ਮੰਜ਼ਿਲ, ਐੱਸਐਫ 3 ਅਤੇ 4 ਸਾਹਮਣੇ ਵੋਡਾਫੋਨ ਦਫਤਰ ਸੈਂਟਰਲ ਮਾਲ 32, ਮਾਲ ਰੋਡ ਅੰਮ੍ਰਿਤਸਰ ਪੰਜਾਬ 143001
ਬਰਾਂਚ ਆਫਿਸ : ਦੂਸਰੀ ਮੰਜ਼ਿਲ ਕੱਕੜ ਟਾਵਰ ਮਾਲ ਰੋਡ ਫਿਰੋਜ਼ਪੁਰ 152002

(ਰੂਲ 8 (6) ਦੀਆਂ ਵਿਵਸਥਾਵਾਂ ਦੇਖੋ)

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਨੋਟਿਸ

ਸਕਿਓਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨੈਂਸ਼ੀਅਲ ਐਸਿਡ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰੱਸਟ ਐਕਟ, 2002 ਜਿਸ ਨੂੰ ਸਕਿਊਰਿਟੀ ਇਨਟਰੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6) ਦੀਆਂ ਵਿਵਸਥਾਵਾਂ ਨਾਲ ਪੜ੍ਹਿਆ ਜਾਵੇ ਦੇ ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।
ਆਮ ਜਨਤਾ ਅਤੇ ਵਿਸ਼ੇਸ਼ ਤੌਰ 'ਤੇ ਨਿਮਨਲਿਖਤ ਗਹਿਣੇਕਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈਆਂ ਗਈਆਂ ਅਚੱਲ ਜਾਇਦਾਦਾਂ ਜਿਹੜੀਆਂ ਸਕਿਓਲਡ ਕਰੈਡਿਟਰ ਕੋਲ ਗਹਿਣੇ ਪਈਆਂ ਹਨ, ਦਾ ਫਿਜ਼ੀਕਲ ਕਬਜ਼ਾ ਆਈ ਸੀ ਆਈ ਸੀ ਆਈ ਹੋਮ ਫਾਇਨਾਂਸ ਕੰਪਨੀ ਲਿਮਟਿਡ ਦੇ ਅਧਿਕਾਰਿਤ ਅਫਸਰ ਵੱਲੋਂ ਲੈ ਲਿਆ ਗਿਆ ਹੈ, ਜਿਨ੍ਹਾਂ ਨੂੰ "ਜਿਵੇਂ ਹੈ, ਜਿੱਥੇ ਹੈ", "ਜੋ ਵੀ ਜਿਵੇਂ ਹੈ" ਅਤੇ "ਜੋ ਵੀ ਜਿੱਥੇ ਹੈ" ਦੇ ਆਧਾਰ 'ਤੇ ਵੇਚ ਦਿੱਤਾ ਜਾਵੇਗਾ, ਜਿਨ੍ਹਾਂ ਦਾ ਸੰਖੇਪ ਵੇਰਵਾ ਹੇਠਾਂ ਦਿੱਤਾ ਗਿਆ ਹੈ:

ਲੜੀ ਨੰ:	ਕਰਜ਼ਦਾਰ/ਸਹਿ ਕਰਜ਼ਦਾਰ/ਗਾਰੰਟਰ/ਕਾਨੂੰਨੀ ਵਾਰਸ ਦਾ ਨਾਮ/ ਕਰਜ਼ਾ ਖਾਤਾ ਨੰਬਰ	ਗਹਿਣੇ ਪਈਆਂ ਜਾਇਦਾਦਾਂ ਦਾ ਵੇਰਵਾ ਸਮੇਤ ਦੇਣਦਾਰੀਆਂ ਜੇਕਰ ਕੋਈ ਹੋਣ	ਬਕਾਇਆ ਰਕਮ	ਰਾਖਵੀਂ ਕੀਮਤ ਬਿਆਨਾ ਰਕਮ ਜਮ੍ਹਾਂ	ਜਾਇਦਾਦ ਦੀ ਜਾਂਚ ਲਈ ਮਿਤੀ ਅਤੇ ਸਮਾਂ	ਨਿਲਾਮੀ ਲਈ ਮਿਤੀ ਅਤੇ ਸਮਾਂ	ਨਿਲਾਮੀ ਮਿਤੀ ਤੋਂ ਇੱਕ ਦਿਨ ਪਹਿਲਾਂ	ਸਰਫੇਸੀ ਸਟੇਜ
ਏ	ਬੀ	ਸੀ	ਡੀ	ਈ	ਐਫ	ਜੀ	ਐਚ	ਆਈ
1.	ਸਵਰਨਜੀਤ ਸਿੰਘ ਕਰਜ਼ਦਾਰ ਕੋਮਲ ਅਰੋੜਾ ਸਹਿ ਕਰਜ਼ਦਾਰ ਕਰਜਾ ਖਾਤਾ ਨੰ. LHAMT00001448025 & LHAMT00001448027 & LHAMT00001448028	ਮਕਾਨ ਜੋ ਪ੍ਰਾਈਵੇਟ ਪਲਾਟ ਨੰ. 24 'ਤੇ ਹੈ ਖਸਰਾ ਨੰ. 4644 ਮਿਨ ਖਾਤਾ ਖਤੌਨੀ 695/1865 ਸੁਲਤਾਨਵਿੰਡ ਸਬ ਅਰਬਨ ਤਰਫ ਮਾਹਿਲ 2, ਹੱਦਬਸਤ 373 ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ	Rs. 17,73,663/- September 10, 2024	Rs. 14,20,740/- Rs. 1,42,074/-	October 04, 2024 11:00 AM 03:00 PM	October 10, 2024 02:00 PM 03:00 PM	October 09, 2024 before 05:00 PM	ਫਿਜ਼ੀਕਲ ਕਬਜ਼ਾ
2.	ਅਜੇ ਗੌਤਮ ਕਰਜ਼ਦਾਰ, ਅਨਾਮਿਕ ਦਰਾਵੜ ਸਹਿ ਕਰਜ਼ਦਾਰ, ਦਿਨੇਸ਼ ਕੁਮਾਰ ਸਹਿ ਕਰਜ਼ਦਾਰ, ਕਰਜਾ ਖਾਤਾ ਨੰ. LHFER00001507130 & LHFER00001507884	ਪਲਾਟ ਨੰ. 33, 125 ਕਿੱਲਾ 26/2/2 (18-5) ਫਿਰੋਜ਼ਪੁਰ ਸਿਟੀ ਵਿਖੇ ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ	Rs. 7,50,399/- September 10, 2024	Rs. 7,56,352/- Rs. 75,635/-	October 04, 2024 11:00 AM 03:00 PM	October 10, 2024 02:00 PM 03:00 PM	October 09, 2024 before 05:00 PM	ਫਿਜ਼ੀਕਲ ਕਬਜ਼ਾ
3.	ਹਰਜਿੰਦਰ ਸਿੰਘ ਕਰਜ਼ਦਾਰ ਜਸਵਿੰਦਰ ਕੌਰ ਸਹਿ ਕਰਜ਼ਦਾਰ ਕਰਜਾ ਖਾਤਾ ਨੰ. LHAMT00001369880 & LHAMT00001369969	ਮਕਾਨ ਜਾਇਦਾਦ ਖਸਰਾ ਨੰ. 1254 ਮਿਨ ਖਾਤਾ ਖਤੌਨੀ 1219/1948 ਵੇਰਕਾ ਵਿਖੇ ਤਹਿਸੀਲ ਅੰਮ੍ਰਿਤਸਰ-2 ਜ਼ਿਲ੍ਹਾ ਅੰਮ੍ਰਿਤਸਰ	Rs. 17,89,427/- September 10, 2024	Rs. 18,44,370/- Rs. 1,84,437/-	October 04, 2024 11:00 AM 03:00 PM	October 10, 2024 02:00 PM 03:00 PM	October 09, 2024 before 05:00 PM	ਫਿਜ਼ੀਕਲ ਕਬਜ਼ਾ

ਆਨਲਾਈਨ ਨਿਲਾਮੀ ਵੈਬਸਾਈਟ : (URL Link-eauctions.samil.in) ਜੋ ਸਾਡੀ ਨਿਲਾਮੀ ਏਜੰਸੀ ਸ੍ਰੀਮਾਨ ਆਟੋਮਾਲ ਇੰਡੀਆ ਲਿਮਟਿਡ ਹੈ ਉੱਪਰ ਕਰਵਾਈ ਜਾਵੇਗੀ। ਗਹਿਣੇਕਾਰਾਂ ਨੂੰ ਇਹ ਆਖਰੀ ਮੌਕਾ/ਨੋਟਿਸ ਦਿੱਤਾ ਜਾਂਦਾ ਹੈ ਕਿ ਉਹ 9 ਅਕਤੂਬਰ 2024 ਨੂੰ ਸ਼ਾਮ 5.00 ਵਜੇ ਤੋਂ ਪਹਿਲਾਂ ਆਪਣੇ ਮੁਕੰਮਲ ਬਕਾਇਆ ਸਮੇਤ ਭਵਿੱਖੀ ਵਿਆਜ ਅਦਾ ਕਰ ਦੇਣ, ਵਰਨਾ ਇਨ੍ਹਾਂ ਗਹਿਣੇ ਪਈਆਂ ਜਾਇਦਾਦਾਂ ਨੂੰ ਉਪਰੋਕਤ ਦਰਸਾਏ ਸਮੇਂ ਅਨੁਸਾਰ ਵੇਚ ਦਿੱਤਾ ਜਾਵੇਗਾ।
ਇੱਛੁਕ ਬੋਲੀਕਾਰਾਂ ਨੂੰ ਬਿਆਨਾ ਰਕਮ (ਈਐਮਡੀ) ਆਰਟੀਜੀਐਸ/ਡਿਮਾਂਡ ਡਰਾਫਟ (ਡੀਡੀ) (ਹਵਾਲਾ ਕਾਲਮ ਈ) ਦੇ ਰੂਪ 'ਚ **ਆਈਸੀਆਈਸੀਆਈ ਹੋਮ ਫਾਇਨਾਂਸ ਕੰਪਨੀ ਲਿਮਟਿਡ, ਦੇ ਉੱਪਰ ਸਿਖਰ 'ਤੇ ਦਿੱਤੇ ਗਏ ਬਰਾਂਚ ਦਫਤਰਾਂ ਦੇ ਪਤੇ 'ਤੇ** 9 ਅਕਤੂਬਰ 2024 ਨੂੰ ਸ਼ਾਮ 4.00 ਵਜੇ ਤੋਂ ਪਹਿਲਾਂ ਜਾਂ ਉਸ ਤੋਂ ਪਹਿਲਾਂ ਜਮ੍ਹਾਂ ਕਰਵਾਉਣੀ ਹੋਵੇਗੀ। ਇੱਛੁਕ ਬੋਲੀਕਾਰਾਂ ਨੂੰ ਰਜਿਸਟ੍ਰੇਸ਼ਨ ਫਾਰਮ ਅਤੇ ਬੋਲੀ ਦੇ ਨਿਯਮ ਅਤੇ ਸ਼ਰਤਾਂ ਦੇ ਫਾਰਮ ਦੀ ਦਸਤਖਤ ਕੀਤੀ ਕਾਪੀ ਵੀ **ਆਈਸੀਆਈਸੀਆਈ ਹੋਮ ਫਾਇਨਾਂਸ ਕੰਪਨੀ ਲਿਮਟਿਡ, ਦੇ ਉੱਪਰ ਸਿਖਰ 'ਤੇ ਦਿੱਤੇ ਗਏ ਬਰਾਂਚ ਦਫਤਰਾਂ ਦੇ ਪਤੇ 'ਤੇ** ਵਿਖੇ 9 ਅਕਤੂਬਰ 2024 ਨੂੰ ਸ਼ਾਮ 5.00 ਵਜੇ ਤੋਂ ਪਹਿਲਾਂ ਜਾਂ ਉਸ ਤੋਂ ਪਹਿਲਾਂ ਜਮ੍ਹਾਂ ਕਰਵਾਉਣੀ ਹੋਵੇਗੀ। ਬਿਆਨਾ ਰਕਮ ਡਿਮਾਂਡ ਡਰਾਫਟ (ਡੀਡੀ) ਦੇ ਰੂਪ ਵਿਚ ਜੋ ਕਿਸੇ ਵੀ ਕੌਮੀਕ੍ਰਿਤ/ਸ਼ਡਿਊਲਡ ਬੈਂਕ ਤੋਂ "ਆਈਸੀਆਈਸੀਆਈ ਹੋਮ ਫਾਇਨਾਂਸ ਕੰਪਨੀ ਲਿਮਟਿਡ-ਨਿਲਾਮੀ" ਜੋ ਅੰਮ੍ਰਿਤਸਰ, ਫਿਰੋਜ਼ਪੁਰ ਵਿਖੇ ਅਦਾਇਗੀਯੋਗ ਹੋਵੇ, ਦੇ ਪੱਖ ਵਿਚ ਬਣਿਆ ਹੋਣਾ ਚਾਹੀਦਾ ਹੈ। ਜਾਇਦਾਦ ਦੀ ਜਾਂਚ, ਨਿਲਾਮੀ ਸਬੰਧੀ ਨਿਯਮ ਅਤੇ ਸ਼ਰਤਾਂ ਜਾਂ ਬੋਲੀਆਂ ਕਰਵਾਏ ਜਾਣ ਸਬੰਧੀ ਕਿਸੇ ਵੀ ਤਰ੍ਹਾਂ ਦੇ ਸਪੱਸ਼ਟੀਕਰਨ ਲਈ ਕਿਰਪਾ **ਆਈਸੀਆਈਸੀਆਈ ਹੋਮ ਫਾਇਨਾਂਸ ਕੰਪਨੀ ਲਿਮਟਿਡ ਮੋਬਾਈਲ ਨੰ. 99208-07300** ਨਾਲ ਸੰਪਰਕ ਕੀਤਾ ਜਾਵੇ। ਅਧਿਕਾਰਿਤ ਅਫਸਰ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਸਬੰਧੀ ਬਿਨਾਂ ਕੋਈ ਕਾਰਨ ਦੱਸੇ ਅਧਿਕਾਰ ਰਾਖਵਾਂ ਹੈ। ਵਿਕਰੀ ਸਬੰਧੀ ਵਿਸਥਾਰਤ ਨਿਯਮ ਅਤੇ ਸ਼ਰਤਾਂ ਬਾਰੇ ਕ੍ਰਿਪਾ https://www.icicihfc.com/ 'ਤੇ ਪਧਾਰੋ।

ਮਿਤੀ : 22 ਸਤੰਬਰ , 2024
ਸਥਾਨ ਅੰਮ੍ਰਿਤਸਰ, ਫਿਰੋਜ਼ਪੁਰ

ਅਧਿਕਾਰਿਤ ਅਫਸਰ, ਆਈਸੀਆਈਸੀਆਈ ਹੋਮ ਫਾਇਨਾਂਸ ਕੰਪਨੀ ਲਿਮਟਿਡ
ਸਿਨ ਨੰਬਰ-ਯੂ65922ਐੱਮਐੱਚ1999ਪੀਐੱਲਸੀ120106